# ਭਾਸ਼ਣ ਮੁਕਾਬਲੇ ਵਿਚ ਤਰਨਵੀਰ ਸੈਣੀ ਅਤੇ ਅਨਮੋਲਪ੍ਰੀਤ ਕੌਰ ਨੇ ਹਾਸਲ ਕੀਤਾ ਪਹਿਲਾ ਸਥਾਨ



ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀ ਪ੍ਰਬੰਧਕਾਂ ਨਾਲ ਤਸਵੀਰ ਵਿਚ। (ਤ੍ਰਿਪਾਠੀ)

ਨਵਾਂਸ਼ਹਿਰ, 16 ਨਵੰਬਰ (ਤ੍ਰਿਪਾਠੀ)-ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਸਥਾਨਕ ਪ੍ਰਕਾਸ਼ ਮਾਡਲ ਸੀਨੀਅਰ ਸੈਕੰਡਰੀ ਸਕੂਲ ਵਿਖੇ ਭਾਸ਼ਣ ਮੁਕਾਬਲੇ ਕਰਵਾਏ ਗਏ। ਪ੍ਰੋਗਰਾਮ ਦੀ ਪ੍ਰਧਾਨਗੀ ਭਾਰਤ ਵਿਕਾਸ ਪ੍ਰੀਸ਼ਦ ਦੇ ਜ਼ਿਲ ਕਨਵੀਨਰ ਐਡਵੋਕੇਟ ਜੇ.ਕੇ. ਦੱਤਾ ਨੇ ਕੀਤੀ।

ਇਸ ਪ੍ਰੋਗਰਾਮ ਵਿਚ ਸਕੂਲ ਦੇ ਡਾਇਰੈਕਟਰ ਸੁਖਰਾਜ ਸਿੰਘ, ਪ੍ਰਿੰਸੀਪਲ ਤੇਜਿੰਦਰ ਕੌਰ, ਨਵਾਂਸ਼ਹਿਰ ਸ਼ਾਖਾ ਦੇ ਜਨਰਲ ਸਕੱਤਰ ਅੰਕੁਸ਼ ਨਿਸ਼ਾਵਨ ਅਤੇ ਸੀਨੀਅਰ ਕੌਂਸਲ ਮੈਂਬਰ ਐੱਸ.ਕੇ. ਪੁਰੀ ਅਤੇ ਰਾਕੇਸ਼ ਜੋਤੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ ਰਾਸ਼ਟਰੀ ਗੀਤ ਵੰਦੇ ਮਾਤਰਮ ਦੇ ਗਾਇਨ ਨਾਲ ਕੀਤੀ ਗਈ।

ਮੰਚ ਸੰਚਾਲਨ ਕਰਦਿਆਂ ਨਵਾਂਸ਼ਹਿਰ ਸ਼ਾਖਾ ਦੇ ਸਕੱਤਰ ਅੰਕੁਸ਼ ਨਿਸ਼ਾਵਨ ਨੇ ਸਭਾ ਵੱਲੋਂ ਕੀਤੇ ਜਾ ਰਹੇ ਕੰਮਾਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਸ਼ਹਿਰ ਦੇ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਸ਼ਣ ਮੁਕਾਬਲੇ ਵਿਚ ਭਾਗ ਲਿਆ। ਐਡਵੋਕੇਟ ਜੇ.ਕੇ. ਦੱਤਾ ਨੇ ਦੱਸਿਆ ਕਿ ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਗੁਰੂ ਤੇਗ ਬਹਾਦਰ ਸ਼ਹੀਦੀ ਦਿਵਸ 'ਤੇ ਰਾਸ਼ਟਰੀ ਪੱਧਰ 'ਤੇ ਭਾਸ਼ਣ ਮੁਕਾਬਲੇ ਕਰਵਾਏ ਜਾਂਦੇ ਹਨ।

ਇਹ ਪ੍ਰੋਗਰਾਮ ਭਾਰਤ ਵਿਕਾਸ ਪ੍ਰੀਸ਼ਦ ਦੇ ਸੂਤਰ ਸੰਸਕਾਰ ਰਾਹੀਂ ਕਰਵਾਇਆ ਜਾਂਦਾ ਹੈ। ਇਸ ਪ੍ਰੋਗਰਾਮ ਦਾ ਉਦੇਸ਼ ਬੱਚਿਆਂ ਨੂੰ ਉਨ੍ਹਾਂ ਦੇ ਇਤਿਹਾਸ ਅਤੇ ਸੱਭਿਆਚਾਰ ਨਾਲ ਜੋੜਨਾ ਹੈ, ਤਾਂ ਜੋ ਬੱਚੇ ਆਪਣੇ ਇਤਿਹਾਸ ਅਤੇ ਸੱਭਿਆਚਾਰ ਨਾਲ ਜੁੜੇ ਰਹਿਣ। ਇਹ ਮੁਕਾਬਲਾ ਹਿੰਦੀ ਅਤੇ ਪੰਜਾਬੀ ਭਾਸ਼ਾਵਾਂ ਵਿਚ ਕਰਵਾਇਆ ਗਿਆ। ਹਿੰਦੀ ਭਾਸ਼ਾ ਵਿਚ ਪ੍ਰਕਾਸ਼ ਮਾਡਲ ਸਕੂਲ ਦੀ ਤਰਨਵੀਰ ਸੈਣੀ ਪਹਿਲੇ ਸਥਾਨ 'ਤੇ ਰਹੀ ਇਸੇ ਤਰ੍ਹਾਂ ਦੋਆਬਾ ਆਰੀਆ ਸਕੂਲ ਦੀ ਨੇਹਾ ਦੂਜੇ ਸਥਾਨ 'ਤੇ ਅਤੇ ਡਬਲਯੂ.ਐੱਲ ਆਰੀਆ ਸਕੂਲ ਦੇ ਪ੍ਰਭਜੋਤ ਅਤੇ ਯੁਵਰਾਜ ਤੀਜੇ ਸਥਾਨ 'ਤੇ ਰਹੇ।

ਪ੍ਰੋਗਰਾਮ ਵਿਚ ਜੱਜਾਂ ਦੀ ਭੂਮਿਕਾ ਡਾ.ਆਸਾ ਨੰਦ ਸਕੂਲ ਤੋਂ ਮੋਨਿਕਾ ਤਿਵਾੜੀ ਅਤੇ ਨੀਲਮ ਰਾਣੀ ਨੇ ਨਿਭਾਈ। ਪ੍ਰੋਗਰਾਮ ਦੇ ਅੰਤ ਵਿਚ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਆਉਣ ਵਾਲੇ ਭਾਗੀਦਾਰਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਤੇਜਿੰਦਰ ਕੌਰ, ਪੱਲਵੀ, ਪੂਨਮ, ਕਪੂਰ ਅਤੇ ਸੁਰਿੰਦਰ ਕੌਰ ਸਮੇਤ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀ ਅਧਿਆਪਕ ਹਾਜ਼ਰ ਸਨ।



ਮਾਰਕੀਟ ਕਮੇਟੀ ਦੇ ਚੇਅਰਮੈਨ ਕਮਿੱਕਰ ਸਿੰਘ ਡਾਢੀ ਸ੍ਰੀ ਕੀਰਤਪੁਰ ਸਾਹਿਬ ਅਨਾਜ ਮੰਡੀ ਦਾ ਦੌਰਾ ਕਰਦੇ ਹੋਏ। (ਬਾਲੀ)

# ਡੀ.ਏ.ਪੀ. ਖਾਦ ਦੇ ਬਦਲਵੇਂ ਸ੍ਰੋਤ ਵਰਤ ਕੇ ਕਿਸਾਨ ਭਰਾ ਜ਼ਮੀਨ ਦੀ ਸਿਹਤ ਵਿਚ ਲਿਆਉਣ ਸੁਧਾਰ : ਚੇਅਰਮੈਨ

ਸ੍ਰੀ ਕੀਰਤਪੁਰ ਸਾਹਿਬ, 16 ਨਵੰਬਰ (ਬਾਲੀ)-ਕਿਸਾਨ ਜਿਣਸ ਸੰਭਾਲਣ ਤੋਂ ਆਪਣੇ ਖੇਤਾਂ ਵਿਚ ਪਰਾਲੀ ਨਾ ਸਾੜਨ ਸਗੋਂ ਰਹਿੰਦ-ਖੂੰਹਦ ਨੂੰ ਖੇਤਾਂ ਵਿਚ ਮਿਲਾ ਕੇ ਜ਼ਮੀਨ ਦੀ ਉਪਜਾਊ ਸ਼ਕਤੀ ਵਧਾਉਣ ਪਾਣੀ, ਖਾਂਦਾਂ ਤੇ ਕੀਟਨਾਸ਼ਕ ਦੀ ਸੰਜ਼ਮ ਨਾਲ ਵਰਤੋ ਕਰ ਕੇ ਵਾਤਾਵਰਣ ਨੂੰ ਗੰਦਲਾ ਹੋਣ ਤੋਂ ਬਚਾਉਣ ਦੇ ਨਾਲ-ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਵਧਾਈ ਜਾਵੇ ਤੇ ਆਰਥਿਕਤਾ ਨੂੰ ਹੋਰ ਮਜਬੂਤ ਕੀਤਾ ਜਾਵੇ।

ਇਹ ਪ੍ਰਗਟਾਵਾ 'ਆਪ' ਯੂਥ ਆਗੂ ਤੇ ਮਾਰਕੀਟ ਕਮੇਟੀ ਦੇ ਚੇਅਰਮੈਨ ਕਮਿੱਕਰ ਸਿੰਘ ਡਾਢੀ ਨੇ ਸ੍ਰੀ ਕੀਰਤਪੁਰ ਸਾਹਿਬ ਵਿਚ ਅਨਾਜ ਮੰਡੀ ਵਿਚ ਕਿਸਾਨਾਂ ਨਾਲ ਗੱਲਬਾਤ ਕਰਦੇ ਹੋਏ ਕੀਤਾ। ਉਨ੍ਹਾਂ ਨੇ ਕਿਹਾ ਕਿ ਅੱਜ ਵਾਤਾਵਰਣ ਨੂੰ ਸਾਫ-ਸੁਥਰਾ ਰੱਖਣਾ ਸਮੇਂ ਦੀ ਵੱਡੀ ਜ਼ਰੂਰਤ ਹੈ, ਦੂਸ਼ਿਤ ਵਾਤਾਵਰਣ ਸਾਡੀਆਂ ਆਉਣ ਵਾਲੀਆਂ ਨਸਲਾਂ ਲਈ ਘਾਤਕ ਹੈ, ਬਜ਼ੁਰਗ ਤੇ ਬੱਚੇ ਬੀਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ, ਪਾਣੀ ਇਕ ਅਨਮੋਲ ਦਾਤ ਹੈ, ਇਸ ਲਈ ਅਜਿਹੀਆਂ ਫਸਲਾਂ ਉਗਾਈਆਂ ਜਾਣ ਜਿਨ੍ਹਾਂ ਦੀ ਬਾਜ਼ਾਰ ਵਿਚ ਵੱਧ ਕੀਮਤ ਤੇ ਕਿਸਾਨ ਦਾ ਖਰਚਾ ਘੱਟ ਹੋਵੇ।

# ਜ਼ਿਲੇ ਨੂੰ ਖੇਡਾਂ ਵਿਚ ਇਕ ਨੰਬਰ 'ਤੇ ਲੈ ਕੇ ਆਵਾਂਗੇ ਡਿਪਟੀ ਕਮਿਸ਼ਨਰ ਰਜੇਸ਼ ਧਿਮਾਨ

ਮੁਕੰਦਪੁਰ, 16 ਨਵੰਬਰ (ਸੰਜੀਵ)-ਡਾਇਰਿਕ ਇੰਟਰਨੈਸ਼ਨਲ ਸਕੂਲ ਬੰਗਾ ਵੱਲੋਂ ਆਪਣਾ ਸਾਲਾਨਾ ਇਨਾਮ ਵੰਡ ਸਮਾਗਮ ਕਰਵਾਇਆ ਗਿਆ ਜਿਸ ਵਿਚ ਮੁੱਖ ਮਹਿਮਾਨ ਦੇ ਤੌਰ 'ਤੇ ਪਹੁੰਚੇ ਜ਼ਿਲਾ ਸ਼ਹੀਦ ਭਗਤ ਸਿੰਘ ਨਗਰ ਦੇ ਡਿਪਟੀ ਕਮਿਸ਼ਨਰ ਰਜੇਸ਼ ਧਿਮਾਨ ਵੱਲੋਂ ਜ਼ਿਲੇ ਦੀ ਪਹਿਲੀ ਕ੍ਰਿਕਟ ਅਕੈਡਮੀ ਦਾ ਸ਼ੁਭ ਆਰੰਭ ਡਾਇਰਿਕ ਇੰਟਰਨੈਸ਼ਨਲ ਸਕੂਲ ਵਿਚ ਕੀਤਾ ਅਤੇ ਕਿਹਾ ਕਿ ਇਸ ਤੋਂ ਇਲਾਵਾ ਬਲਾਚੌਰ ਤੇ ਨਵਾਂ ਸ਼ਹਿਰ ਵਿਚ ਵੀ ਕ੍ਰਿਕਟ ਅਕੈਡਮੀਆਂ ਦਾ ਗਠਨ ਜਲਦ ਕੀਤਾ ਜਾਵੇਗਾ ਤੇ ਇਹ ਕ੍ਰਿਕਟ ਅਕੈਡਮੀ ਖਿਡਾਰੀਆਂ ਲਈ ਬਹੁਤ ਹੀ ਲਾਹੇਵੰਦ ਸਾਬਿਤ ਹੋਵੇਗੀ।



ਸਮਾਗਮ ਦੇ ਵੱਖ-ਵੱਖ ਦ੍ਰਿਸ਼। (ਭਨੋਟ)

ਇਸ ਸਮਾਗਮ ਮੌਕੇ ਡਿਪਟੀ ਕਮਿਸ਼ਨਰ ਰਜੇਸ਼ ਧਮਾਨ ਵੱਲੋਂ ਖਿਡਾਰੀਆਂ ਨੂੰ ਇਨਾਮ ਤਕਸੀਮ ਕਰਦੇ ਹੋਏ ਕਿਹਾ ਕਿ ਖੇਡਾਂ ਜਿੱਥੇ ਸਰੀਰਕ ਤੰਦਰੁਸਤੀ ਨੂੰ ਬਰਕਰਾਰ ਰੱਖਦੀਆਂ ਹਨ ਉੱਥੇ ਹੀ ਵਿਦਿਆ ਮਾਨਸਿਕ ਤੌਰ 'ਤੇ ਵਿਦਿਆਰਥੀਆਂ ਨੂੰ ਮਜਬੂਤ ਕਰਦੀ ਹੈ।

ਸਕੂਲ ਪ੍ਰਿੰਸੀਪਲ ਨੀਨਾ ਭਾਰਤਵਜ ਵੱਲੋਂ ਆਏ ਹੋਏ ਸਾਰੇ ਹੀ ਮਹਿਮਾਨਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ ਤੇ ਹੁਣ ਤੱਕ ਦੇ ਸਕੂਲ ਦੇ ਸਫਰ 'ਤੇ ਝਾਤ ਵੀ ਮਰਵਾਈ। ਇਸ ਮੌਕੇ ਕੁਲਜੀਤ ਸਿੰਘ ਸਰਹਾਲ ਉਪ ਚੇਅਰਮੈਨ ਵਾਟਰ ਰਿਸੋਰਸ ਪੰਜਾਬ, ਸਕੂਲ ਐੱਮ.ਡੀ. ਦੇਵਕੀ ਨੰਦਨ ਕਿੰਗ ਅਤੇ ਸਕੂਲ ਪ੍ਰਬੰਧਕ ਅਧਿਆਪਕ, ਵਿਦਿਆਰਥੀ ਤੇ ਇਨ੍ਹਾਂ ਦੇ ਮਾਪੇ ਹਾਜ਼ਰ ਸਨ।